## ਜਮਾਤ-ਸੱਤਵੀਂ (ਸਮਾਜਿਕ ਸਿੱਖਿਆ)

**Term Exam September 2022** ਕੁੱਲ ਅੰਕ-70

### ਭਾਗ ੳ (ਬਹੁ-ਵਿਕਲਪੀ ਪ੍ਰਸ਼ਨ) (15)

1. ਕਿਸੇ ਥਾਂ ਦੇ ਜੀਵ ਮੰਡਲ ਅਤੇ ਉੱਥੋਂ ਦੇ ਭੌਤਿਕ ਆਲੇ ਦੁਆਲੇ ਨੂੰ ਕੀ ਆਖਦੇ ਹਨ ?
   (ੳ) ਪਰਿਸਥਿਤੀ (ਅ) ਵਾਯੂਮੰਡਲ (ੲ) ਵਾਤਾਵਰਨ (ਸ) ਜੀਵ ਮੰਡਲ
2. ਕਿਹੜੀ ਮਿੱਟੀ ਨੂੰ ਰੇਗੜ ਮਿੱਟੀ ਵੀ ਕਿਹਾ ਜਾਂਦਾ ਹੈ ?
   (ੳ) ਲਾਲ ਮਿੱਟੀ (ਅ) ਜਲੌਢ ਮਿੱਟੀ (ੲ) ਕਾਲੀ ਮਿੱਟੀ (ਸ) ਰੇਤਲੀ ਮਿੱਟੀ
3. ਭਾਰਤ ਦੇ ਕਿੰਨੇ ਪ੍ਰਤੀਸ਼ਤ ਹਿੱਸੇ ਵਿੱਚ ਜਲੌਢ ਮਿੱਟੀ ਪਾਈ ਜਾਂਦੀ ਹੈ ?
   (ੳ) 20% (ਅ) 55% (ੲ) 50% (ਸ) 45%
4. ਹਵਾ ਵਿੱਚ ਸਭ ਤੋਂ ਘੱਟ ਮਾਤਰਾ ਕਿਸ ਗੈਸ ਦੀ ਹੈ ?
   (ੳ) ਆਰਗਨ (ਅ) ਆਕਸੀਜਨ (ੲ) ਹਾਈਡ੍ਰੋਜਨ (ਸ) ਨਾਈਟ੍ਰੋਜਨ
5. ਵਾਯੂਮੰਡਲ ਦੀ 99% ਹਵਾ ਕਿੰਨ੍ਹੇ ਕਿਲੋਮੀਟਰ ਦੇ ਘੇਰੇ ਵਿੱਚ ਹੈ ?
   (ੳ) 25 ਕਿ.ਮੀ (ਅ) 30 ਕਿ.ਮੀ (ੲ) 32 ਕਿ.ਮੀ (ਸ) 35 ਕਿ.ਮੀ
6. ਹਵਾ ਵਿੱਚ ਨਾਈਟ੍ਰੋਜਨ ਗੈਸ ਦੀ ਮਾਤਰਾ ਕਿੰਨ੍ਹੇ ਪ੍ਰਤੀਸ਼ਤ ਹੈ ?
   (ੳ) 78.03% (ਅ) 70% (ੲ) 85% (ਸ) 90%
7. ਹੇਠ ਲਿਖਿਆਂ ਵਿੱਚੋਂ ਕਿਹੜਾ ਦੇਸ਼ ਭਾਰਤ ਦਾ ਗੁਆਂਢੀ ਦੇਸ਼ ਨਹੀਂ ਹੈ ?
   (ੳ) ਨੇਪਾਲ (ਅ) ਚੀਨ (ੲ) ਫਰਾਂਸ (ਸ) ਪਾਕਿਸਤਾਨ
8. ਹੇਠ ਲਿਖਿਆਂ ਵਿੱਚੋਂ ਕਿਹੜਾ ਰਾਸ਼ਟਰਕੂਟ ਵੰਸ਼ ਦਾ ਸ਼ਾਸ਼ਕ ਨਹੀਂ ਹੈ ?
   (ੳ) ਕ੍ਰਿਸ਼ਨ ਪਹਿਲਾ (ਅ) ਅਮੋਘਵਰਸ਼ (ੲ) ਧਰੁੱਵ (ਸ) ਰਾਜਪਾਲ
9. ਚੋਲ ਰਾਜ ਪ੍ਰਬੰਧ ਸਮੇਂ ਹਰੇਕ ਪਿੰਡ ਦੀਆਂ ਕਿੰਨ੍ਹੀਆਂ ਸਭਾਵਾਂ ਹੁੰਦੀਆਂ ਸਨ ?
   (ੳ) ਤਿੰਨ (ਅ) ਦੋ (ੲ) ਚਾਰ (ਸ) ਪੰਜ
10. ਕੁਤੁਬਮੀਨਾਰ ਦੀ ਉਸਾਰੀ ਕਿਸਨੇ ਕਰਵਾਈ ?
    (ੳ) ਬਲਬਨ (ਅ) ਇਲਤੁਤਮਿਸ਼ (ੲ) ਕੁਤਬਉਦੀਨ ਐਬਕ (ਸ) ਅਰਾਮ ਸ਼ਾਹ
11. ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ ?
    (ੳ) 1526 ਈ. (ਅ) 1761 ਈ. (ੲ) 1556 ਈ. (ਸ) 1757 ਈ.
12. ਜਹਾਂਗੀਰ ਨੇ ਕਿਸ ਨਾਲ ਵਿਆਹ ਕਰਵਾਇਆ ?
    (ੳ) ਨੂਰਜਹਾਂ (ਅ) ਰਜ਼ੀਆ ਸੁਲਤਾਨਾ (ੲ) ਰਾਣੀ ਝਾਂਸੀ (ਸ) ਮੁਮਤਾਜ
13. ਰਜਿੰਦਰ ਦੀ ਉਮਰ 18 ਸਾਲ ਹੈ,ਉਹ ਵੋਟ ਬਨਾਉਣ ਲਈ ਕਿਸ ਦੇ ਕੋਲ ਜਾਵੇਗਾ ?
    (ੳ) ਸਰਪੰਚ (ਅ) ਬੀ.ਐੱਲ.ਓ (ੲ) ਮੁੱਖ ਮੰਤਰੀ (ਸ) ਚੋਣ ਕਮੀਸ਼ਨ
14. ਲੋਕਤੰਤਰ ਦਾ ਆਰੰਭ ਕਿੱਥੇ ਹੋਇਆ ?
    (ੳ) ਜਪਾਨ (ਅ) ਸਪੇਨ (ੲ) ਇਟਲੀ (ਸ) ਏਥਨਜ਼
15. ਲੋਕ ਸਭਾ ਦਾ ਕਾਰਜਕਾਲ ਕਿੰਨ੍ਹਾ ਹੁੰਦਾ ਹੈ ?
    (ੳ) 4 ਸਾਲ (ਅ) 5 ਸਾਲ (ੲ) 10 ਸਾਲ (ਸ) 8 ਸਾਲ

### ਭਾਗ-ਅ (ਭੂਗੋਲ) (21)

#### ਵਸਤੂਨਿਸ਼ਠ ਪ੍ਰਸ਼ਨ-

1. ਧਰਤੀ ਤੇ _____% ਥਲ ਭਾਗ ਹੈ।
2. ਫਿਊਜੀਜ਼ਾਮਾ ਪਹਾੜ__________ਵਿਖੇ ਸਥਿਤ ਹੈ।
3. ਧਰਤੀ ਤੇ 29% ਪਾਣੀ ਹੈ। (ਸਹੀ/ਗਲਤ)
4. ਜਿਉਂ ਜਿਉਂ ਪਹਾੜਾਂ ਦੇ ਉੱਪਰ ਚੜ੍ਹਦੇ ਹਾਂ ਤਾਂ ਤਾਪਮਾਨ ਘੱਟਦਾ ਹੈ। (ਸਹੀ/ਗਲਤ)

#### ਛੋਟੇ ਉੱਤਰਾਂ ਵਾਲੇ ਪ੍ਰਸ਼ਨ-

1. ਵਾਤਾਵਰਨ ਤੋਂ ਕੀ ਭਾਵ ਹੈ ?
2. ਭੂ-ਮੱਧ ਰੇਖਾ ਤੇ ਤਾਪਮਾਨ ਵੱਧ ਕਿਉਂ ਹੁੰਦਾ ਹੈ ?

#### ਵੱਡੇ ਉੱਤਰਾਂ ਵਾਲੇ ਪ੍ਰਸ਼ਨ-

1. ਮਨੁੱਖ ਵਾਤਾਵਰਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?

   ਜਾਂ

   ਤਰਲ ਸੋਨਾ ਕਿਸਨੂੰ ਆਖਦੇ ਹਨ ? ਇਸ ਬਾਰੇ ਸੰਖੇਪ ਜਾਣਕਾਰੀ ਦਿਓ।

2. ਅਬਰਕ ਕਿਸ ਪ੍ਰਕਾਰ ਦਾ ਖਣਿਜ ਹੈ ? ਇਹ ਕਿਹੜੇ ਕੰਮ ਆਉਂਦਾ ਹੈ ?

   ਜਾਂ

   ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਕਾਂ ਦੀ ਸੰਖੇਪ ਜਾਣਕਾਰੀ ਦਿਓ।

#### ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਰਸਾਓ। (ਕੋਈ ਸੱਤ)

1.ਜਲੋਢ ਮਿੱਟੀ ਖੇਤਰ 2. ਕਾਲੀ ਮਿੱਟੀ ਖੇਤਰ 3.ਲਾਲ ਮਿੱਟੀ 4.ਪਰਬਤੀ ਮਿੱਟੀ 5.ਸੋਨਾ ਪੈਦਾ ਕਰਨ ਵਾਲਾ ਖੇਤਰ 6. ਕੋਲਾ ਪੈਦਾ ਕਰਨ ਵਾਲਾ ਖੇਤਰ 7. ਅਬਰਕ ਪੈਦਾ ਕਰਨ ਵਾਲਾ ਖੇਤਰ 8. ਤਾਂਬਾ ਪੈਦਾ ਕਰਨ ਵਾਲਾ ਖੇਤਰ 9.ਰੇਤਲੀ ਮਿੱਟੀ ਖੇਤਰ 10. ਮੈਂਗਨੀਜ ਪੈਦਾ ਕਰਨ ਵਾਲਾ ਖੇਤਰ

## ਭਾਗ-ੲ (ਇਤਿਹਾਸ) (20)

### ਵਸਤੂਨਿਸ਼ਠ ਪ੍ਰਸ਼ਨ-

1. ਚੀਨੀਆਂ ਨੇ ਭਾਰਤ ਨੂੰ______ਦਾ ਨਾਂ ਦਿੱਤਾ।
2. ਤਾਨਸੇਨ ਇੱਕ ਪ੍ਰਸਿੱਧ________ਸੀ।
3. ਮਹਿਮੂਦ ਗਜ਼ਨਵੀ ਨੇ ਭਾਰਤ ਤੇ 1001 ਈਂ ਤੋਂ 1025 ਈਂ ਤੱਕ 10 ਹਮਲੇ ਕੀਤੇ। (ਸਹੀ/ਗਲਤ)
4. ਤੈਮੂਰ ਖਿਲਜ਼ੀ ਵੰਸ਼ ਦਾ ਸੰਸਥਾਪਕ ਸੀ। (ਸਹੀ/ਗਲਤ)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ-

1. ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਕਿੰਨੇ ਯੁੱਗਾਂ ਵਿੱਚ ਵੰਡਿਆ ਹੈ ?
2. ਕਿਸ ਕਾਲ ਨੂੰ ਰਾਜਪੂਤ ਕਾਲ ਕਿਹਾ ਜਾਂਦਾ ਹੈ ?

### ਵੱਡੇ ਉੱਤਰਾਂ ਵਾਲੇ ਪ੍ਰਸ਼ਨ-

1. ਮੁਹੰਮਦ ਗੌਰੀ ਨੇ ਭਾਰਤ ਤੇ ਹਮਲਾ ਕਿਉਂ ਕੀਤਾ ?

   ਜਾਂ

   ਵਿਦੇਸ਼ੀ ਯਾਤਰੀਆਂ ਦੇ ਲੇਖ ਕਿਵੇਂ ਮਹੱਤਵਪੂਰਨ ਇਤਿਹਾਸਿਕ ਸ੍ਰੋਤ ਹਨ ?

2. ਰਾਜਿੰਦਰ ਚੋਲ ਦੀਆਂ ਮਹੱਤਵਪੂਰਨ ਜਿੱਤਾਂ ਬਾਰੇ ਲਿਖੋ।

   ਜਾਂ

   ਚੋਲ ਰਾਜਕਾਲ ਸਮੇਂ ਕਿਹੜੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ ?

3. ਮੁਹੰਮਦ-ਬਿਨ-ਤੁਗਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ ਕਿਉਂ ਬਦਲੀ ਸੀ ?

   ਜਾਂ

   ਬਲਬਨ ਨੇ ਸਲਤਨਤ ਦਾ ਸੰਗਠਨ ਕਿਵੇਂ ਕੀਤਾ ?

4. ਬਾਬਰ ਦੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋ ?

   ਜਾਂ

   ਅਕਬਰ ਦੀਆਂ ਜਿੱਤਾਂ ਬਾਰੇ ਲਿਖੋ।

## ਭਾਗ-ਸ (ਨਾਗਰਿਕ ਸ਼ਾਸ਼ਤਰ) (14)

### ਵਸਤੂਨਿਸ਼ਠ ਪ੍ਰਸ਼ਨ-

1. ਭਾਰਤ ਇੱਕ ਲੋਕਤੰਤਰੀ______ਹੈ।
2. ਰਾਜ ਸਰਕਾਰ ਦਾ ਨਾਂ ਮਾਤਰ ਮੁਖੀ_____ਹੁੰਦਾ ਹੈ।
3. ਲੋਕਤੰਤਰ ਦਾ ਆਰੰਭ ਅਮਰੀਕਾ ਵਿੱਚ ਹੋਇਆ। (ਸਹੀ/ਗਲਤ)
4. ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸੰਨ 1925 ਈ. ਵਿੱਚ ਹੋਈ। (ਸਹੀ/ਗਲਤ)

### ਛੋਟੇ ਉੱਤਰਾਂ ਵਾਲੇ ਪ੍ਰਸ਼ਨ-

1. ਲੋਕਤੰਤਰ ਸਰਕਾਰ ਸਭ ਤੋਂ ਪਹਿਲਾਂ ਕਿਹੜੇ ਦੇਸ਼ ਵਿੱਚ ਸਥਾਪਿਤ ਹੋਈ ?
2. ਸਰਵ ਵਿਆਪਕ ਬਾਲਗ ਮੱਤ ਅਧਿਕਾਰ ਤੋਂ ਕੀ ਭਾਵ ਹੈ ?

### ਵੱਡੇ ਉੱਤਰਾਂ ਵਾਲੇ ਪ੍ਰਸ਼ਨ-

1. ਗੁਪਤ ਮਤਦਾਨ ਕੀ ਹੁੰਦਾ ਹੈ ? ਇਸਦਾ ਕੀ ਮਹੱਤਵ ਹੈ ?

   ਜਾਂ

   ਰਾਜਨੀਤਿਕ ਦਲਾਂ ਦੇ ਕੋਈ ਦੋ ਕੰਮ ਲਿਖੋ।

2. ਲੋਕਤੰਤਰੀ ਸਰਕਾਰ ਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ।

   ਜਾਂ

   ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਹਰਮਨ ਪਿਆਰੀ ਕਿਉਂ ਹੈ ?

-ਰਵਿੰਦਰ ਸਿੰਘ (ਸ.ਸ ਮਾਸਟਰ) ਸ.ਹ.ਸ ਸਲੌਦੀ (ਲੁਧਿ.)